ਸ਼੍ਰੀ ਲਕਸ਼ਮਣ ਪੁੱਤਰ ਸ਼੍ਰੀਮਤੀ ਲਕਸ਼ਮੀ ਦੇਵੀ ਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਨਿਗਮ ਵਿੱਚ ਤਰਸ ਦੇ ਅਧਾਰ ਤੇ ਇਸ ਦਫਤਰ ਦੇ ਪੱਤਰ ਨੰ:ਪਲਉਨਿਨਿ/ਪ੍ਰਸੋਨਲ/ਸ-5/10980 ਮਿਤੀ 08.01.2013 ਰਾਹੀਂ ਬਤੌਰ ਸੇਵਾਦਾਰ ਨਿਯੁਕਤ ਕੀਤਾ ਗਿਆ ਸੀ। ਉਸਨੇ ਮਿਤੀ 10.01.2013 (ਦੁਪਹਿਰ ਤੋਂ ਪਹਿਲਾਂ) ਆਪਣੀ ਡਿਊਟੀ ਜਆਇਨ ਕੀਤੀ ਸੀ, ਪਰ ਮਿਤੀ 21.06.2016 ਤੋਂ 08.02.2017 ਤੱਕ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਕਾਰਨ ਉਸਨੂੰ ਨਿਗਮ ਦੇ ਮੀਮੋ ਨੰ:21135 ਮਿਤੀ 14.10.2017 ਰਾਹੀਂ ਉਸਨੂੰ ਦੋਸ਼ ਪੱਤਰ ਜਾਰੀ ਕੀਤਾ ਗਿਆ ਸੀ। ਉਸਦੇ ਵੱਲੋਂ ਉਪਰੋਕਤ ਦੋਸ਼ ਪੱਤਰ ਦਾ ਕੋਈ ਜਵਾਬ ਨਾ ਆਉਣ ਕਰਕੇ ਉਸਦੇ ਵਿਰੁੱਧ ਵਿਭਾਗੀ ਪੜਤਾਲ ਦੇ ਹੁਕਮ ਕੀਤੇ ਸਨ, ਪਰ ਇਸ ਕਰਮਚਾਰੀ ਵੱਲੋਂ ਵਿਭਾਗੀ ਪੜਤਾਲ ਵਿੱਚ ਸ਼ਾਮਲ ਨਾ ਹੋਣ ਕਰਕੇ ਪੜਤਾਲੀਆ ਅਫਸਰ ਨੇ ਉਸਦੇ ਵਿਰੁੱਧ ਲਾਏ ਗਏ ਦੋਸ਼ਾਂ ਨੂੰ ਸਿੱਧ ਕਰਦੇ ਹੋਏ ਆਪਣੀ ਇੰਨਕੁਆਰੀ ਰਿਪੋਰਟ ਨਿਗਮ ਨੂੰ ਸੌਂਪ ਦਿੱਤੀ ਸੀ ਅਤੇ ਇਸ ਕਰਮਚਾਰੀ ਨੂੰ ਵਧੀਕ ਪ੍ਰਬੰਧਕ ਨਿਰਦੇਸ਼ਕ ਜੀ ਦੇ ਦਫਤਰ ਵਿੱਚ ਪੇਸ਼ ਹੋਣ ਲਈ ਵੀ ਕਿਹਾ ਸੀ, ਪਰ ਉਸਦੇ ਪੇਸ਼ ਨਾ ਹੋਣ ਕਰਕੇ ਉਸ ਦੀਆਂ 2 ਸਲਾਨਾਂ ਤਰੱਕੀਆਂ ਭਵਿੱਖੀ ਅਸਰ ਸਮੇਤ ਬੰਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਸਨ।

ਸ਼੍ਰੀ ਲਕਸ਼ਮਣ, ਸੇਵਾਦਾਰ ਦੇ ਮਿਤੀ 31.03.2017 ਤੋਂ 18.04.2017 ਤੱਕ ਅਤੇ ਮਿਤੀ 12.07.2017 ਤੋਂ 31.08.2017 ਤੱਕ ਮੁੜ ਗੈਰ-ਹਾਜ਼ਰ ਰਹਿਣ ਕਰਕੇ ਉਸਦੀ ਜਵਾਬ ਤਲਬੀ ਕੀਤੀ ਗਈ ਸੀ, ਪਰ ਜਵਾਬ ਤਲਬੀ ਦਾ ਉਸ ਵੱਲੋਂ ਕੋਈ ਜਵਾਬ ਨਹੀਂ ਆਉਣ ਤੇ ਉਸਨੂੰ ਦਫਤਰੀ ਮੀਮੋ ਨੰ:ਪਲਉਨਿਨਿ/ਪ੍ਰਸੋਨਲ/ਸ-5/18017 ਮਿਤੀ 26.10.2017.ਰਾਹੀਂ ਦੂਜੀ ਵਾਰੀ ਚਾਰਜ਼ ਸ਼ੀਟ ਜਾਰੀ ਕਿੱਤੀ ਗਈ ਸੀ ਜੋ ਕਿ ਉਸ ਵੱਲੋਂ ਰਿਸੀਵ ਨਾ ਹੋਣ ਕਰਕੇ ਵਾਪਿਸ ਆ ਗਈ ਹੈ। ਪ੍ਰਬੰਧਕ ਨਿਰਦੇਸ਼ਕ ਜੀ ਦੇ ਹੁਕਮਾਂ ਅਨੁਸਾਰ ਉਸਨੂੰ ਇਸ ਦਫਤਰ ਦੇ ਪੱਤਰ ਨੰ: ਪਲਉਨਿਨਿ/ਪ੍ਰਸੋਨਲ/ਸ-1/18019 ਮਿਤੀ 26.10.2017 ਰਾਹੀਂ ਮੈਡੀਕਲ ਬੋਰਡ ਅੱਗੇ ਪੇਸ਼ ਹੋਣ ਲਈ ਵੀ ਕਿਹਾ ਗਿਆ ਸੀ, ਪਰ ਉਹ ਅੱਜ ਤੱਕ ਮੈਡੀਕਲ ਬੋਰਡ ਦੇ ਅੱਗੇ ਪੇਸ਼ ਨਹੀਂ ਹੋਇਆ ਹੈ। ਹੁਣ ਇਹ ਕਰਮਾਚਰੀ ਮਿਤੀ 05.06.2018 ਤੋਂ ਮੁੜ ਲਗਾਤਾਰ ਡਿਊਟੀ ਤੋਂ ਗੈਰ-ਹਾਜ਼ਰ ਚੱਲ ਰਿਹਾ ਹੈ। ਇਸ ਕਰਮਚਾਰੀ ਨੂੰ ਇਸ ਦਫਤਰ ਦੇ ਰਜਿਸਟਰਡ ਪੱਤਰ ਨੰ:ਪਲਉਨਿਨਿ/ਪ੍ਰਸੋਨਲ/ਸ-5/10321 ਮਿਤੀ 26.07.2018 ਰਾਹੀਂ ਇੰਨਕੁਆਰੀ ਰਿਪੋਰਟ ਦੀ ਕਾਪੀ ਆਪਣੀ ਟਿੱਪਣੀ ਦੇਣ ਲਈ ਦਫਤਰੀ ਰਿਕਾਰਡ ਵਿੱਚ ਦਰਜ਼ ਉਸ ਦੇ ਘਰ ਦੇ ਪਤੇ ਤੇ ਭੇਜੀ ਗਈ ਸੀ, ਪ੍ਰੰਤੂ ਇਹ ਪੱਤਰ ਡਾਕ ਵਿਭਾਗ ਵੱਲੋਂ ਇਸ ਟਿੱਪਣੀ ਨਾਲ ਵਾਪਸ ਆ ਗਿਆ ਹੈ ਕਿ ਇਹ ਪਤਾ ਅਧੂਰਾ ਅਤੇ ਗਲਤ ਹੈ। ਇਸ ਉਪਰੰਤ ਇਸ ਇੰਨਕੁਆਰੀ ਰਿਪੋਰਟ ਦੀ ਕਾਪੀ ਉਸਨੂੰ ਉਸਦੇ ਪਤੇ ਤੇ ਵਿਸ਼ੇਸ਼ ਹਰਕਾਰੇ ਰਾਹੀਂ ਮਿਤੀ 21.08.2018 ਨੂੰ ਦਸਤੀ ਮੁਹਈਆ ਕਰਵਾਈ ਗਈ। ਪਰ ਉਸ ਵਲੋਂ ਇਸ ਸਬੰਧ ਵਿੱਚ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ।

ਇਸ ਪਬਲਿਕ ਨੋਟਿਸ ਰਾਹੀਂ ਸ਼੍ਰੀ ਲਕਸ਼ਮਣ, ਸੇਵਾਦਾਰ, ਪ੍ਰਸੋਨਲ ਸ਼ਾਖਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਸ ਨੋਟਿਸ ਦੇ ਜਾਰੀ ਹੋਣ ਤੋਂ ਬਾਦ 15 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਜਾਂ ਨਿਜੀ ਤੌਰ ਤੇ ਸਮਰਥ ਅਧਿਕਾਰੀ ਕੋਲ ਪੇਸ਼ ਹੋ ਕੇ ਆਪਣੀ ਸਥਿਤੀ ਸਪੱਸ਼ਟ ਕਰੇ ਅਤੇ ਆਪਣੀ ਡਿਊਟੀ ਤੇ ਹਾਜ਼ਰ ਹੋਵੇ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨਿਗਮ ਦੇ ਸਰਵਿਸ ਬਾਈ ਲਾਅਜ ਦੇ ਤਹਿਤ ਉਸ ਦੇ ਵਿਰੁੱਧ ਬਣਦੀ ਕਰਵਾਈ ਕੀਤੀ ਜਾਵੇਗੀ।

Punjab Small Industries & Export Corporation Limited
(A State Govt. Undertaking)
18 Himalyan Marg, Udyog Bhawan, Sector 17-A,
Chandigarh-160017 Phone 270301-306, Fax: 2702039
Email: psiec_chd@yahoo.co.in